**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.),
ਪੰਜਾਬ ਰਾਜ।

ਮੀਮੋ ਨੰ: OSD (L)/2021/Edu/134
ਮਿਤੀ: 15/3/2021

**ਵਿਸ਼ਾ:-** **ਸਕੂਲਾਂ ਦੇ ਕੋਰਟਾਂ ਕੇਸਾਂ ਦੀ ਪੈਰਵੀ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਕੂਲ ਮੁਖੀਆਂ ਨਾਲ ਹੋਈ ਮੀਟਿੰਗ ਵਿੱਚ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਬਹੁਤ ਸਾਰੇ ਸਕੂਲਾਂ ਨਾਲ ਸਬੰਧਤ ਵੱਖ-ਵੱਖ ਕੋਰਟਾਂ ਵਿੱਚ ਲਿਟੀਗੇਸ਼ਨ ਚੱਲ ਰਹੀ ਹੈ। ਇਨ੍ਹਾਂ ਕੇਸਾਂ ਵਿੱਚੋਂ ਕੁਝ ਕੇਸ ਗੰਭੀਰ ਪ੍ਰਵਿਰਤੀ ਦੇ ਅਤੇ ਕੁਝ ਆਮ ਰੁਟੀਨ ਵਾਲੇ ਹੁੰਦੇ ਹਨ। ਸਕੂਲ ਮੁਖੀਆਂ ਦੁਆਰਾ ਇਹ ਗੱਲ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਉਨ੍ਹਾਂ ਨੂੰ ਇਨ੍ਹਾਂ ਕੋਰਟ ਕੇਸਾਂ ਨੂੰ ਡਿਫੈਂਡ ਕਰਨ ਦਾ ਬਹੁਤਾ ਤਜ਼ਰਬਾ ਨਹੀਂ ਹੈ। ਇਸ ਤਜ਼ਰਬੇ ਦੀ ਘਾਟ ਕਾਰਨ ਕਈ ਵਾਰੀ ਕੋਰਟਾਂ ਵਿੱਚ ਕੇਸਾਂ ਦੀ ਪੈਰਵੀ ਠੀਕ ਢੰਗ ਨਾਲ ਨਹੀਂ ਕੀਤੀ ਜਾਂਦੀ, ਜਿਸਦੇ ਸਿੱਟੇ ਵੱਜੋਂ ਕੁਝ ਕੇਸਾਂ ਦੇ ਫੈਸਲੇ ਵਿਭਾਗ ਦੇ ਵਿਰੁੱਧ ਵੀ ਹੋ ਜਾਂਦੇ ਹਨ। ਜਿਸ ਕਾਰਨ ਵਿਭਾਗ ਨੂੰ ਬਾਅਦ ਵਿੱਚ ਇਨ੍ਹਾਂ ਕੇਸਾਂ ਵਿੱਚ ਅਪੀਲ ਦਾਇਰ ਕਰਨੀ ਪੈਂਦੀ ਹੈ।

3.0 ਇਸ ਸਾਰੇ ਮਾਮਲੇ ਨੂੰ ਵਿਚਾਰਿਆ ਗਿਆ ਹੈ। ਇਸ ਸਬੰਧੀ ਸਕੂਲ ਮੁਖੀਆਂ ਨੂੰ ਪੇਸ਼ ਆਉਣ ਵਾਲੀਆਂ ਦਿੱਕਤਾਂ ਤੋਂ ਇਲਾਵਾ ਇਹ ਵੀ ਮਹਿਸੂਸ ਕੀਤਾ ਜਾਂਦਾ ਹੈ ਕਿ ਬਹੁਤ ਸਾਰੇ ਕੇਸ ਇੱਕੋ ਤਰ੍ਹਾਂ ਦੇ/ਮਿਲਦੇ-ਜੁਲਦੇ ਹੁੰਦੇ ਹਨ, ਪ੍ਰੰਤੂ ਕਈ ਵਾਰੀ ਸਕੂਲ ਮੁਖੀਆਂ ਨੂੰ ਪਾਲਿਸੀ ਦੀ ਜਾਣਕਾਰੀ ਨਾ ਹੋਣ ਕਾਰਨ ਇਨ੍ਹਾਂ ਕੇਸਾਂ ਵਿੱਚ ਵੱਖ-ਵੱਖ ਜਵਾਬ ਦੇ ਦਿੱਤੇ ਜਾਂਦੇ ਹਨ, ਜਿਸ ਕਾਰਨ ਵੀ ਇਨ੍ਹਾਂ ਕੇਸਾਂ ਦੇ ਫੈਸਲੇ ਵਿਭਾਗ ਦੇ ਵਿਰੁੱਧ ਹੋ ਜਾਂਦੇ ਹਨ।

4.0 ਉਪਰੋਕਤ ਸਥਿਤੀ ਦੇ ਸਨਮੁੱਖ ਇਹ ਫੈਸਲਾ ਲਿਆ ਗਿਆ ਹੈ ਕਿ:-

(ੳ) ਜਦੋਂ ਵੀ ਸਕੂਲ ਵਿੱਚ ਕੋਈ ਕੋਰਟ ਕੇਸ ਆਉਂਦਾ ਹੈ ਤਾਂ ਉਸਦੀ ਪੈਰਵੀ ਜਿਲ੍ਹਾ ਸਿੱਖਿਆ ਅਫ਼ਸਰਾਂ ਦੇ ਦਫ਼ਤਰ ਦੁਆਰਾ ਕੀਤੀ ਜਾਵੇ। ਜਿੱਥੇ ਸਕੂਲ ਨਾਲ ਸਬੰਧਤ ਕੋਈ ਰਿਕਾਰਡ ਮੁਹੱਈਆ ਕਰਵਾਉਣ ਦਾ ਸਵਾਲ ਹੈ, ਤਾਂ ਸਕੂਲ ਮੁਖੀ ਕੇਸ ਨਾਲ ਸਬੰਧਤ ਰਿਕਾਰਡ ਜਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਮੁਹੱਈਆ ਕਰਵਾਉਣਗੇ। ਜਿਲ੍ਹਾ ਸਿੱਖਿਆ ਅਫ਼ਸਰਾਂ ਦੁਆਰਾ ਆਪਣੇ ਦਫ਼ਤਰਾਂ ਵਿੱਚ ਇਸ ਕੰਮ ਨੂੰ ਹੋਰ ਵੀ ਪ੍ਰਭਾਵਸ਼ਾਲੀ ਤਰੀਕੇ ਨਾਲ ਨੇਪਰੇ ਚਾੜ੍ਹਨ ਤਾਂ ਜੋ ਸਕੂਲ ਮੁਖੀਆਂ ਨੂੰ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਵਿਭਾਗ ਨੂੰ ਵੀ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਹੋਵੇ।

(ਅ) ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਕੂਲ ਮੁਖੀਆਂ ਨੂੰ ਕੋਰਟ ਕੇਸਾਂ ਦੇ ਮਾਮਲੇ ਵਿੱਚ ਇਹ ਜਿੰਮੇਵਾਰੀ ਨਾ ਸੌਂਪੀ ਜਾਵੇ ਕਿ ਕੋਰਟ ਵਿੱਚ ਪੂਰੀ ਕਾਰਵਾਈ ਸਬੰਧਤ ਸਕੂਲ ਮੁਖੀ ਦੁਆਰਾ ਹੀ ਕੀਤੀ ਜਾਣੀ ਹੈ। ਸਕੂਲ ਮੁਖੀਆਂ ਤੋਂ ਕੇਵਲ ਲੋੜ ਅਨੁਸਾਰ ਰਿਕਾਰਡ ਪ੍ਰਾਪਤ ਕਰਨਾ ਹੈ। ਕੋਰਟ ਕੇਸ ਦੀ ਪੈਰਵੀ ਅਤੇ ਪੇਸ਼ੀ ਆਦਿ ਲਈ ਦਫ਼ਤਰ; ਜਿਲ੍ਹਾ ਸਿੱਖਿਆ ਅਫ਼ਸਰ ਦੇ ਸਬੰਧਤ ਡੀਲਿੰਗ ਹੈਂਡ ਦੀ ਹੀ ਡਿਊਟੀ ਲਗਾਈ ਜਾਵੇ।

**ਸਕੱਤਰ ਸਕੂਲ ਸਿੱਖਿਆ**

ਪਿੱਠ ਅੰਕਣ ਨੰ: OSD (L)/2021/Edu/135 ਮਿਤੀ: 15/3/2021

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਸਕੱਤਰ ਸਕੂਲ ਸਿੱਖਿਆ**

Notice

**IN THE COURT OF Dr. TEJWINDER SINGH, PRESIDING OFFICER SUPERIOR JUDICIAL SERVICES, INDUSTRIAL TRIBUNAL, JALANDHAR**

Ref. 58 of 2018

Bhajno Vs. M/s. Govt. Sr. Sec. School & ors.

To

1. Headmaster/HeadMistress,
   Govt. Middle School, High School,
   Bagga, Tehsil- Shahkot,
   District- Jalandhar.

2. The Principal,
   Govt. Sen. Sec. School,
   Nangal Ambia, Tehsil Shahkot,
   District- Jalandhar.

3. The Director,
   Punjab School Education Board,
   Mohali.

4. Punjab State,
   Through Secretary,
   Education Department,
   Chandigarh.

Take notice that above noted case shall be taken up for hearing before this Tribunal on 12-04-2021 at 10.00 A.M.

Due to non appearance of you or your authorized representative on 18-02-2021, you are, therefore directed to appear before this Tribunal in person or through authorized representative on the above said date, time and place.

Forwarded in duplicate to the Ld. Civil Judge, Sr. Divn. Jalandhar for Compliance.

SEAL OF THE INDUSTRIAL TRIBUNAL JALANDHAR

ਪ੍ਰਧਾਨਗੀ ਅਫਸਰ
ਇੰਡਸਟਰੀਅਲ ਟ੍ਰਿਬਿਊਨਲ
ਜਲੰਧਰ

O/o P.O. Industrial Tribunal Jalandhar
Dispatch No. 500
Dated 23/02/2021
Clerk